# ਦਿੱਲੀ ਵਿਧੁਤ ਵਿਨਿਆਮਕ ਆਯੋਗ

ਵਿਨਿਆਮਕ ਭਵਨ, ਸੀ-ਬਲਾਕ, ਸ਼ਿਵਾਲਿਕ, ਮਾਲਵੀਆ ਨਗਰ, ਨਵੀਂ ਦਿੱਲੀ -110 017
ਫੈਕਸਜ 26673608 ਮੇਲ: secyderc@nic.in


## ਜਨਤਕ ਸੁਣਵਾਈ ਲਈ ਸੂਚਨਾ

**ਵਿਸ਼ਾ: ਬੀਐਸਈਐਸ ਰਾਜਧਾਨੀ ਪਾਵਰ ਲਿਮਟਿਡ (ਬੀਆਰਪੀਐਲ), ਬੀਐਸਈਐਸ ਯਮੁਨਾ ਪਾਵਰ ਲਿਮਿ. (ਬੀਵਾਈਪੀਐਮ), ਟਾਟਾ ਪਾਵਰ ਦਿੱਲੀ ਡਿਸਟ੍ਰੀਬਿਊਸ਼ਨ ਲਿਮਿ. (ਟੀਪੀਡੀਡੀਐਲ), ਨਵੀਂ ਦਿੱਲੀ ਨਗਰ ਪਾਲਿਕਾ ਪਰਿਸ਼ਦ (ਐਨਡੀਐਮਸੀ) ਦੇ ਰਾਹੀਂ ਦਾਇਰ ਅਰਜ਼ੀ ਵਿੱਤੀ ਵਰ੍ਹੇ 2015-16 ਦੇ ਲਈ ਸਕਲ ਰਾਜਸਵ ਲੋੜ (ਏਆਰਆਰ) ਅਤੇ ਟੈਰੀਫ, ਵਿੱਤੀ ਵਰ੍ਹਾ 2014-15 ਦੇ ਲਈ ਸਾਲਾਨਾ ਕੰਮ ਨਿਸ਼ਪਾਦਨ ਸਮੀਖਿਆ (ਏਪੀਆਰ) ਅਤੇ ਵਿੱਤੀ ਵਰ੍ਹੇ 2013-14 ਦੇ ਖਰਚਿਆਂ ਦਾ ਸਤਿਆਪਨ ਅਤੇ ਦਿੱਲੀ ਟ੍ਰਾਂਸਕੋ ਲਿਮਿ. (ਡੀਟੀਐਲ), ਇੰਦਰਪ੍ਰਸਥ ਪਾਵਰ ਜਨਰੇਸ਼ਨ ਕੰ. (ਆਈਪੀਜੀਸੀਐਲ) ਅਤੇ ਪ੍ਰਗਤੀ ਪਾਵਰ ਕਾਰਪੋਰੇਸ਼ਨ ਲਿਮਿ. (ਪੀਪੀਸੀਐਲ) ਦੇ ਲਈ ਵਿੱਤੀ ਵਰ੍ਹੇ 2012-13 ਅਤੇ 2013-14 ਦੇ ਲਈ ਏਆਰਆਰ ਦਾ ਸਤਿਆਪਨ ਅਤੇ ਵਿੱਤੀ ਵਰ੍ਹੇ 2015-16 ਦੇ ਟੈਰੀਫ ਦੇ ਲਈ।**

1. ਦਿੱਲੀ ਦੇ ਵਿਤਰਣ ਲਾਈਸੈਂਸੀਜ਼ ਯਾਨੀ ਬੀਆਰਪੀਐਲ, ਬੀਵਾਈਪੀਐਲ, ਟੀਪੀਡੀਡੀਐਲ, ਐਨਡੀਐਮਸੀ ਨੇ ਵਿੱਤੀ ਸਾਲ 2013-14 ਦੇ ਲਈ ਖਰਚਿਆਂ ਦੇ ਸਤਿਆਪਨ, ਵਿੱਤੀ ਸਾਲ 2014-15 ਦੀ ਸਾਲਾਨਾ ਕੰਮ ਨਿਸ਼ਪਾਦਨ ਸਮੀਖਿਆ (ਏਪੀਆਰ) ਅਤੇ ਵਿੱਤੀ ਸਾਲ 2015-16 ਦੇ ਲਈ ਸਕਲ ਰਾਜਸਵ ਆਵਸ਼ਕਤਾ (ਏਆਰਆਰ) ਅਤੇ ਟੈਰਿਫ ਦੇ ਲਈ ਆਪਣੀਆਂ ਅਰਜ਼ੀਆਂ ਦਾਇਰ ਕੀਤੀਆਂ ਹਨ।
2. ਡੀਟੀਐਲ, ਆਈਪੀਜੀਸੀਐਲ, ਪੀਪੀਸੀਐਲ ਨੇ ਵਿੱਤੀ ਸਾਲ 2012-13 ਅਤੇ ਵਿੱਤੀ ਸਾਲ 2013-14 ਦੇ ਲਈ ਏਆਰਆਰ ਦਾ ਸਤਿਆਪਨ ਅਤੇ ਵਿੱਤੀ ਸਾਲ 2015-16 ਦੇ ਲਈ ਸਕਲ ਰਾਜਸਵ ਆਵਸ਼ਕਤਾ ਅਤੇ ਟੈਰਿਫ ਦੇ ਲਈ ਆਪਣੀਆਂ ਅਰਜ਼ੀਆਂ ਦਾਇਰ ਕੀਤੀਆਂ ਹਨ।
3. ਸਟੇਕਹੋਲਡਰਜ਼ ਤੋਂ ਇਤਰਾਜ਼/ਟਿੱਪਣੀਆਂ ਪ੍ਰਾਪਤ ਕਰਨ ਦੀ ਅੰਤਿਮ ਮਿਤੀ 27.05.2015 ਸੀ ਜਿਸਨੂੰ 06.06.2015 ਤਕ ਵੱਧਾ ਦਿੱਤਾ ਗਿਆ ਸੀ।
4. ਆਯੋਗ ਉੱਪਰ ਵਰਣਿਤ ਟੈਰਿਫ ਅਰਜ਼ੀਆਂ 'ਤੇ ਸਾਰੇ ਸਟੇਕਹੋਲਡਰਜ਼/ਉਪਭੋਗਤਾ ਸ਼੍ਰੇਣੀਆਂ ਦੇ ਲਈ, ਉਨ੍ਹਾਂ ਦੇ ਸਹਿਤ ਜੋ ਪਹਿਲਾਂ ਹੀ ਆਪਣੀਆਂ ਟਿੱਪਣੀਆਂ/ਇਤਰਾਜ਼ ਦੇਚੁੱਕੇ ਹਨ, ਹੇਠਾਂ ਦਿੱਤੇ ਗਏ ਪ੍ਰੋਗਰਾਮ ਅਨੁਸਾਰ ਸਿਰੀ ਫੋਰਟ ਆਡੀਟੋਰੀਅਮ-II, ਗੇਟ ਨੰ. 5, ਅਗਸਤ ਕ੍ਰਾਂਤੀ ਮਾਰਗ, ਨਵੀਂ ਦਿੱਲੀ-110049 'ਚ ਜਨਤਕ ਸੁਣਵਾਈ ਆਯੋਜਿਤ ਕਰੇਗਾ:

| ਮਿਤੀ | ਸਮਾਂ | ਯੂਟੀਲਿਟੀਜ਼ |
|---|---|---|
| 04.08.2015 | ਸਵੇਰੇ 10:30 ਵਜੇ ਤੋਂ ਦੁਪਹਿਰ 1:00 ਵਜੇ ਤਕ<br>ਦੁਪਹਿਰ 02.30 ਵਜੇ ਤੋਂ ਸ਼ਾਮ 5:30 ਵਜੇ ਤਕ | ਬੀਆਰਪੀਐਲ, ਬੀਵਾਈਪੀਐਲ, ਟੀਪੀਡੀਡੀਐਲ, ਐਨਡੀਐਮਸੀ |
| 05.08.2015 | ਸਵੇਰੇ 10:30 ਵਜੇ ਤੋਂ ਦੁਪਹਿਰ 1:00 ਵਜੇ ਤਕ | ਡੀਟੀਐਲ, ਆਈਪੀਜੀਸੀਐਲ, ਪੀਪੀਸੀਐਲ |

5. ਸਟੇਕਹੋਲਡਰਜ਼ ਨੂੰ ਵੰਡ ਕੰਪਨੀਆਂ ਯਾਨੀ ਬੀਆਰਪੀਐਲ, ਬੀਵਾਈਪੀਐਲ, ਟੀਪੀਡੀਡੀਐਲ ਅਤੇ ਐਨਡੀਐਮਸੀ ਰਾਹੀਂ ਕੀਤੇ ਗਏ ਦਾਅਵਿਆਂ ਨੂੰ ਸਮਝਣ 'ਚ ਮਦਦ ਦੇ ਲਈ ਸਕਲ ਰਾਜਸਵ ਆਵਸ਼ਕਤਾ (ਏਆਰਆਰ) ਅਤੇ ਟੈਰਿਫ ਵਿੱਤੀ ਸਾਲ 2015-16 ਦੇ ਲਈ ਅਰਜ਼ੀਕਰਤਾਵਾਂ ਦੇ ਦਾਅਵਿਆਂ ਦੇ ਮੁਲਾਂਕਣ ਦਾ ਉੱਲੇਖ ਕਰਦੇ ਹੋਏ ਹਰੇਕ ਡਿਸਕਾਮ ਦੇ ਲਈ ਇਕ ਵਿਸਥਾਰਤ ਸਾਰਾਂਸ਼ ਸ਼ੀਟ ਤਿਆਰ ਕੀਤੀ ਗਈ ਹੈ ਅਤੇ ਡੀਈਆਰਸੀ ਵੈਬਸਾਈਟ **www.derc.gov.in** 'ਤੇ ਅਪਲੋਡ ਕੀਤੀ ਗਈ ਹੈ। ਇਸਨੂੰ ਜਨਤਕ ਸੁਣਵਾਈ 'ਚ ਕੋਈ ਸੁਝਾਅ ਅਤੇ ਟਿੱਪਣੀ ਕਰਨ ਦੇ ਲਈ ਇਸਤਮਾਲ 'ਚ ਲਿਆਂਦਾ ਜਾ ਸਕਦਾ ਹੈ। ਇਨ੍ਹਾਂ ਸਾਰਾਂਸ਼ ਸੀਟਾ 'ਤੇ ਕਿਸੀ ਵੀ ਸਪਸ਼ਟੀਕਰਨ ਦੇ ਲਈ ਸਟੇਕਹੋਲਡਰਜ਼ ਆਯੋਗ ਦੇ ਦਫਤਰ 'ਚ ਹੇਠ ਲਿਖੇ ਅਧਿਕਾਰੀਆਂ ਤੋਂ 3 ਅਗਸਤ, 2015 ਤਕ ਸਾਰੇ ਕੰਮ ਵਾਲੇ ਦਿਨਾਂ ਨੂੰ ਦੁਪਹਿਰ 3:00 ਵਜੇ ਤੋਂ ਦੁਪਹਿਰ ਬਾਅਦ 5:00 ਵਜੇ ਦੇ ਦਰਮਿਆਨ ਸੰਪਰਕ ਕਰ ਸਕਦੇ ਹਨ।
   i) ਸ਼੍ਰੀ ਪ੍ਰਸ਼ਾਂਤ ਕੁਮਾਰ, ਸੰਯੁਕਤ ਨਿਦੇਸ਼ਕ (ਟੈਰਿਫ-ਫਾਈਨੈਂਸ) ਫੋਨ: 26680433
   ii) ਸ਼੍ਰੀ ਅਮਿਤ ਸ਼ਰਮਾ, ਸੰਯੁਕਤ ਨਿਦੇਸ਼ਕ (ਟੈਰਿਫ-ਇੰਜੀ.) ਫੋਨ: 26673601
   iii) ਸ਼੍ਰੀ ਸੰਜੈ ਕੁਮਾਰ ਸ਼ਰਮਾ, ਸੰਯੁਕਤ ਨਿਦੇਸ਼ਕ (ਪੀਐਸਐਂਡਈ) ਫੋਨ: 26680734
6. ਉਪਰੋਕਤ ਸਾਰਾਂਸ਼ ਅੰਤਿਮ ਹੈ ਅਤੇ ਟੈਰਿਫ ਆਦੇਸ਼ ਨੂੰ ਅੰਤਿਮ ਰੂਪ ਦੇਣ ਦੇ ਲਈ ਸਟੇਕਹੋਲਡਰਜ਼ ਦੇ ਦ੍ਰਿਸ਼ਟੀਕੋਣਾਂ ਨੂੰ ਜਾਣਨ ਦੇ ਲਈ ਸੂਚਨਾ ਦੇ ਵਿਸਥਾਰ ਦੇ ਮਕਸਦ ਦੇ ਲਈ ਹੈ।
7. ਸਾਰੇ ਸਟੇਕਹੋਲਡਰਜ਼/ਉਪਭੋਗਤਾਵਾਂ ਦੀ ਸੁਣਵਾਈ ਪਹਿਲਾਂ ਆਓ ਪਹਿਲਾਂ ਪਾਓ ਆਧਾਰ 'ਤੇ ਹੋਵੇਗੀ। ਕ੍ਰਿਪਾ ਆਪਣੇ ਨਾਲ ਆਪਣਾ ਫੋਟੋ ਪਛਾਣ ਪੱਤਰ ਲੈ ਕੇ ਆਓ।

**ਸਕੱਤਰ**

DIP/0784/15-16

**ਦਿੱਲੀ ਵਿਧੁਤ ਵਿਨਿਆਮਕ ਆਯੋਗ**